# Prime Minister meets Italian Prime Minister Mario Draghi on the margins of G20 Summit in Rome

October 29, 2021

## ਪ੍ਰਧਾਨ ਮੰਤਰੀ ਨੇ ਕੀਤੀ ਰੋਮ ਵਿੱਚ G -20 ਸਿਖਰ ਸੰਮੇਲਨ ਦੌਰਾਨ ਇਟਲੀ ਦੇ **ਪ੍ਰਧਾਨ ਮੰਤਰੀ ਮਾਰੀਓ ਦਰਾਘੀ ਨਾਲ ਮੁਲਾਕਾਤ**

**29 ਅਕਤੂਬਰ, 2021**

1. ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਇਟਲੀ ਦੇ ਪ੍ਰਧਾਨ ਮੰਤਰੀ ਮਹਾਮਹਿਮ ਮਾਰੀਓ ਦਰਾਘੀ ਨਾਲ 29 ਅਕਤੂਬਰ, 2021 ਨੂੰ ਇਟਲੀ ਵਿੱਚ ਰੋਮ ਵਿਖੇ ਹੋਏ G -20 ਸ਼ਿਖਰ ਸੰਮੇਲਨ ਦੌਰਾਨ ਮੁਲਾਕਾਤ ਕੀਤੀ। ਇਹ ਉਨ੍ਹਾਂ ਵੱਲੋਂ ਕੀਤੀ ਗਈ ਪਹਿਲੀ ਵਿਅਕਤੀਗਤ ਮੁਲਾਕਾਤ ਸੀ। ਪ੍ਰਧਾਨ ਮੰਤਰੀ ਮੋਦੀ ਨੇ ਆਲਮੀ ਮਹਾਂਮਾਰੀ ਦੇ ਚਲਦੇ G -20 ਦੀ ਸਫਲ ਮੇਜ਼ਬਾਨੀ ਕਰਨ ਲਈ ਪ੍ਰਧਾਨ ਮੰਤਰੀ ਦ੍ਰਾਘੀ ਨੂੰ ਵਧਾਈ ਦਿੱਤੀ। ਗਲਾਸਗੋ ਵਿਖੇ COP-26 ਕਰਾਉਣ ਦੇ ਮਾਮਲੇ 'ਚ ਇਟਲੀ ਵੀ ਇੰਗਲੈਂਡ ਨਾਲ ਭਾਈਵਾਲੀ ਕਰ ਰਿਹਾ ਹੈ।

2. ਦੋਵਾਂ ਆਗੂਆਂ ਨੇ ਜਲਵਾਯੂ ਪਰਿਵਰਤਨ ਕਾਰਨ ਪੈਦਾ ਹੋਈਆਂ ਚੁਣੌਤੀਆਂ ਅਤੇ ਅੰਤਰਰਾਸ਼ਟਰੀ ਸਮੁਦਾਏ ਦੁਆਰਾ ਮਿਲ ਕੇ ਕੰਮ ਕਰਨ ਦੀ ਲੋੜ ਬਾਰੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਭਾਰਤ ਦੁਆਰਾ ਜਲਵਾਯੂ ਸਬੰਧੀ ਕੀਤੇ ਗਏ ਪਰਿਵਰਤਨਸ਼ੀਲ ਕੰਮਾਂ ਅਤੇ ਵਿਕਸਤ ਦੇਸ਼ਾਂ ਦੀਆਂ ਜਲਵਾਯੂ ਵਿੱਤਪੋਸ਼ਣ ਸਬੰਧੀ ਵਚਨਬੱਧਤਾਵਾਂ ਬਾਰੇ ਵਿਕਾਸਸ਼ੀਲ ਦੇਸ਼ਾਂ ਦੀਆਂ ਚਿੰਤਾਵਾਂ ਨੂੰ ਉਜਾਗਰ ਕੀਤਾ।

3. ਦੋਵਾਂ ਨੇਤਾਵਾਂ ਨੇ ਅਫ਼ਗਾਨਿਸਤਾਨ ਅਤੇ ਭਾਰਤ-ਪ੍ਰਸ਼ਾਂਤ ਸਮੇਤ ਹਾਲੀਆ ਆਲਮੀ ਅਤੇ ਖੇਤਰੀ ਘਟਨਾਵਾਂ 'ਤੇ ਵੀ ਵਿਚਾਰ- ਵਟਾਂਦਰਾ ਕੀਤਾ । ਉਨ੍ਹਾਂ ਨੇ ਭਾਰਤ-ਯੂਰਪੀ ਸੰਘ ਦੇ ਬਹੁ-ਪੱਖੀ ਸਹਿਯੋਗ ਨੂੰ ਅੱਗੇ ਵਧਾਉਣ ਲਈ ਮਿਲਕੇ ਕੰਮ ਕਰਨ ਦੀ ਆਪਣੀ ਇੱਛਾ ਦੁਹਰਾਈ।

4. ਦੁਵੱਲੇ ਸਬੰਧਾਂ ਬਾਰੇ ਦੋਵਾਂ ਨੇਤਾਵਾਂ ਨੇ ਨਵੰਬਰ, 2020 ਵਿੱਚ ਹੋਏ ਭਾਰਤ-ਇਟਲੀ ਵਰਚੁਅਲ ਸਿਖਰ ਸੰਮੇਲਨ ਤੋਂ ਬਾਅਦ ਹੋਏ ਘਟਨਾਕ੍ਰਮ ਦੀ ਸਮੀਖਿਆ ਕੀਤੀ ਅਤੇ ਵਰਚੁਅਲ ਸੰਮੇਲਨ ਦੌਰਾਨ ਅਪਣਾਈ ਗਈ 2020-2025 ਕਾਰਜ ਯੋਜਨਾ ਨੂੰ ਲਾਗੂ ਕਰਨ ਵਿੱਚ ਹੋਈ ਤਰੱਕੀ 'ਤੇ ਸੰਤੁਸ਼ਟੀ ਪ੍ਰਗਟ ਕੀਤੀ, ਜਿਸ ਨਾਲ ਅਗਲੇ ਪੰਜ ਸਾਲਾਂ ਵਿੱਚ ਰਾਜਨੀਤਿਕ, ਆਰਥਿਕ, ਵਿਗਿਆਨ ਅਤੇ ਟੈਕਨੋਲੋਜੀ ਅਤੇ ਸੱਭਿਆਚਾਰਕ ਖੇਤਰਾਂ ਬਾਰੇ ਰਣਨੀਤਕ ਟੀਚੇ ਨਿਰਧਾਰਤ ਹੋਏ ਸੀ।

5. ਦੋਵਾਂ ਨੇਤਾਵਾਂ ਨੇ ਖਾਸ ਤੌਰ 'ਤੇ ਕਪੜਾ, ਫੂਡ ਪ੍ਰੋਸੈਸਿੰਗ, ਆਟੋਮੋਟਿਵ ਅਤੇ ਨਵਿਆਉਣਯੋਗ ਊਰਜਾ ਖੇਤਰਾਂ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਪ੍ਰਤੀ ਆਪਣੀ

ਵਚਨਬੱਧਤਾ ਦੁਹਰਾਈ। ਨਵਿਆਉਣਯੋਗ ਅਤੇ ਸਵੱਛ ਊਰਜਾ ਵਿੱਚ ਦੁਵੱਲੇ ਸਹਿਯੋਗ ਨੂੰ ਨਵਾਂ ਹੁਲਾਰਾ ਦੇਣ ਲਈ ਭਾਰਤ ਅਤੇ ਇਟਲੀ ਨੇ ਊਰਜਾ ਪਰਿਵਰਤਨ ਬਾਰੇ ਰਣਨੀਤਕ ਭਾਈਵਾਲੀ ਦਾ ਐਲਾਨ ਕਰਦੇ ਹੋਏ ਸਾਂਝਾ ਬਿਆਨ ਜਾਰੀ ਕੀਤਾ ਅਤੇ ਵੱਡੇ ਗ੍ਰੀਨ ਕੋਰੀਡੋਰ ਪ੍ਰੋਜੈਕਟਾਂ, ਸਮਾਰਟ ਗਰਿੱਡਾਂ, ਊਰਜਾ ਸਟੋਰੇਜ ਹੱਲ, ਗੈਸ ਟਰਾਂਸਪੋਰਟੇਸ਼ਨ, ਏਕੀਕ੍ਰਿਤ ਰਹਿੰਦ-ਖੂੰਹਦ ਪ੍ਰਬੰਧਨ (ਵੇਸਟ-ਟੂ-ਵੈਲਥ), ਹਰੀ ਹਾਈਡ੍ਰੋਜਨ ਦਾ ਵਿਕਾਸ ਅਤੇ ਇਸਤੇਮਾਲ ਅਤੇ ਜੈਵ-ਇੰਧਨ ਨੂੰ ਉਤਸ਼ਾਹਿਤ ਕਰਨਾ ਵਰਗੇ ਖੇਤਰਾਂ ਵਿੱਚ ਸਾਂਝੇਦਾਰੀ ਦੇ ਮੌਕੇ ਲੱਭਣ 'ਤੇ ਸਹਿਮਤੀ ਪ੍ਰਗਟਾਈ। ਇਸ ਤੋਂ ਛੁੱਟ ਬੈਠਕ ਦੇ ਹਾਸ਼ੀਏ 'ਤੇ ਭਾਰਤ ਅਤੇ ਇਟਲੀ ਨੇ ਕਪੜਾ ਖੇਤਰ ਵਿੱਚ ਬਾਰੇ ਇਕ ਇਰਾਦਾ ਪੱਤਰ 'ਤੇ ਵੀ ਦਸਤਖ਼ਤ ਕੀਤੇ।

6. ਪ੍ਰਧਾਨ ਮੰਤਰੀ ਨੇ ਪ੍ਰਧਾਨ ਮੰਤਰੀ ਦਰਾਘੀ ਨੂੰ ਛੇਤੀ ਤੋਂ ਛੇਤੀ ਭਾਰਤ ਦਾ ਸਰਕਾਰੀ ਦੌਰਾ ਕਰਨ ਦਾ ਸੱਦਾ ਦਿੱਤਾ।

ਰੋਮ
29 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.